# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 21 ਅਗਸਤ 2026 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਸਰੀ ਵਿੱਚ ਸੋਹਣ ਸਿੰਘ ਪੂੰਨੀ ਦੀ ਪੁਸਤਕ 'ਅਮਰੀਕਾ ਦੇ ਗਦਰੀ ਯੋਧੇ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ 21 ਅਗਸਤ :ਗ਼ਦ ਰ ਲਹਿਰ ਦੇ ਅਣਗਿਣਤ ਸੂਰਮਿਆਂ ਦੀ ਕੁਰਬਾਨੀ, ਸੰਘਰਸ਼ ਅਤੇ ਵਿਚਾਰਧਾਰਕ ਵਿਰਾਸਤ ਨੂੰ ਇਤਿਹਾਸ ਦੇ ਪੰਨਿਆਂ ਤੋਂ ਕੱਢ ਕੇ ਅਜੋਕੀ ਪੀੜ੍ਹੀ ਤੱਕ ਪਹੁੰਚਾਉਣ ਦੇ ਯਤਨਾਂ ਤਹਿਤ ਗ਼ਦਰ ਮੈਮੋਰੀਅਲ ਸੁਸਾਇਟੀ ਆਫ਼ ਬੀ.ਸੀ. ਕੈਨੇਡਾ ਵੱਲੋਂ ਉੱਘੇ ਇਤਿਹਾਸਕਾਰ ਤੇ ਲੇਖਕ ਸੋਹਣ ਸਿੰਘ ਪੂੰਨੀ ਦੀ ਖੋਜ-ਭਰਪੂਰ ਪੁਸਤਕ 'ਅਮਰੀਕਾ ਦੇ ਗਦਰੀ ਯੋਧੇ' ਖਾਲਸਾ ਲਾਇਬਰੇਰੀ, ਸਰੀ ਵਿਖੇ ਹੋਏ ਵਿਸ਼ਾਲ ਸਾਹਿਤਕ ਤੇ ਵਿਚਾਰਧਾਰਕ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ।

ਲਗਭਗ ਤਿੰਨ ਘੰਟੇ ਚੱਲੇ ਇਸ ਗਿਆਨ ਅਤੇ ਇਤਿਹਾਸ ਨਾਲ ਭਰਪੂਰ ਸਮਾਗਮ ਵਿੱਚ ਕੈਨੇਡਾ ਦੀਆਂ ਸਾਹਿਤਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਅਗਾਂਹਵਧੂ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਗ਼ਦਰੀ ਯੋਧਿਆਂ ਦੇ ਪਰਿਵਾਰਾਂ ਨਾਲ ਸਬੰਧਤ ਸ਼ਖ਼ਸੀਅਤਾਂ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਨ੍ਹਾਂ ਵਿੱਚ ਕੈਨੇਡਾ ਵਿੱਚ ਵੋਟ ਦੇ ਹੱਕ ਲਈ ਸੰਘਰਸ਼ ਕਰਨ ਵਾਲੇ ਭਾਈ ਨਰਿੰਦਰ ਸਿੰਘ ਗਿੱਲ ਚੂਹੜਚੱਕ ਦੇ ਪੁੱਤਰ ਸੁਖਵਿੰਦਰ ਸਿੰਘ ਗਿੱਲ ਅਤੇ ਕੈਨੇਡਾ ਦੇ ਇਤਿਹਾਸ ਦੀ ਮਹੱਤਵਪੂਰਨ ਡਾਇਰੀ ਲਿਖਣ ਵਾਲੇ ਗ਼ਦਰੀ ਭਾਈ ਅਰਜਨ ਸਿੰਘ ਚੰਦ ਨਵਾਂ ਦੇ ਪੁੱਤਰ ਅਮਰਜੀਤ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

ਪੁਸਤਕ 'ਤੇ ਹੋਈ ਵਿਚਾਰ-ਗੋਸ਼ਟੀ ਦੌਰਾਨ ਲੇਖਕ ਅਤੇ ਪੰਜਾਬੀ ਪ੍ਰੈੱਸ ਕਲੱਬ ਬੀ.ਸੀ. ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਗ਼ਦਰੀ ਯੋਧਿਆਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੇ ਬਿਆਨਾਂ ਦਾ ਨਿਚੋੜ ਇਹ ਸਾਹਮਣੇ ਆਉਂਦਾ ਹੈ ਕਿ 15 ਅਗਸਤ 1947 ਨੂੰ ਹੋਇਆ ਬਦਲਾਅ ਗ਼ਦਰੀਆਂ ਵੱਲੋਂ ਸੁਪਨੇ ਵਿੱਚ ਵੇਖੀ ਆਜ਼ਾਦੀ ਨਹੀਂ ਸੀ, ਸਗੋਂ ਸੱਤਾ ਦਾ ਤਬਾਦਲਾ ਸੀ। ਉਨ੍ਹਾਂ ਕਿਹਾ ਕਿ ਗ਼ਦਰੀ ਯੋਧਿਆਂ ਦੀ ਅਸਲ ਸੋਚ, ਉਨ੍ਹਾਂ ਦੇ ਸੰਘਰਸ਼ ਅਤੇ ਲੋਕ-ਮੁਕਤੀ ਦੇ ਸੁਪਨੇ ਨੂੰ ਸਮਝਣਾ ਅੱਜ ਵੀ ਬੇਹੱਦ ਜ਼ਰੂਰੀ ਹੈ।

ਡਾ. ਧਾਲੀਵਾਲ ਨੇ ਭੁੱਲੇ-ਵਿਸਰੇ ਗ਼ਦਰੀ ਯੋਧਿਆਂ ਬਾਰੇ ਮੌਲਿਕ ਖੋਜ ਅਤੇ ਲਿਖਤ ਰਾਹੀਂ ਕੀਤੀ ਜਾ ਰਹੀ ਇਤਿਹਾਸਕ ਘਾਲਣਾ ਲਈ ਸੋਹਣ ਸਿੰਘ ਪੂੰਨੀ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦੇਣ ਦੀ ਮੰਗ ਵੀ ਰੱਖੀ। ਸਮਾਗਮ ਵਿੱਚ ਹਾਜ਼ਰ ਵੱਖ-ਵੱਖ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਨੇ ਇਸ ਮੰਗ ਦਾ ਭਰਪੂਰ ਸਮਰਥਨ ਕੀਤਾ।

ਸਮਾਗਮ ਦਾ ਸੰਚਾਲਨ ਕਰਦਿਆਂ ਡਾ. ਸੁਰਿੰਦਰਜੀਤ ਸਿੰਘ ਭੇਲਾ ਨੇ ਗ਼ਦਰ ਮੈਮੋਰੀਅਲ ਸੁਸਾਇਟੀ ਦੀ ਸਥਾਪਨਾ, ਇਸ ਦੇ ਇਤਿਹਾਸ ਅਤੇ ਮਨੋਰਥ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਗ਼ਦਰ ਲਹਿਰ ਨਾਲ ਸਬੰਧਤ ਇਤਿਹਾਸਕ ਦਸਤਾਵੇਜ਼ਾਂ ਨੂੰ ਇਕੱਠਾ ਕਰਕੇ ਸਾਂਭਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਵਚਨਬੱਧਤਾ ਵੀ ਪ੍ਰਗਟ ਕੀਤੀ।

ਸਮਾਗਮ ਵਿੱਚ ਇੰਜੀਨੀਅਰ ਜਗਰੂਪ ਸਿੰਘ ਖੇੜਾ ਨੇ ਸਮੂਹ ਜਥੇਬੰਦੀਆਂ ਅਤੇ ਹਾਜ਼ਰੀਨ ਦਾ ਸਵਾਗਤ ਕੀਤਾ। ਕਾਮਰੇਡ ਆਗੂ ਭੁਪਿੰਦਰ ਸਿੰਘ ਮੱਲੀ ਨੇ ਗ਼ਦਰੀ ਬਾਬਾ ਜਵਾਲਾ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਕਾਮਰੇਡੀ ਫ਼ਲਸਫ਼ਾ ਸਿੱਖੀ ਦੇ ਵਿਸ਼ਾਲ ਦਾਇਰੇ ਵਿੱਚ ਸਮਾ ਸਕਦਾ ਹੈ, ਪਰ ਸਿੱਖੀ ਦਾ ਦਾਇਰਾ ਇਸ ਤੋਂ ਕਿਤੇ ਵੱਡਾ ਅਤੇ ਵਿਸ਼ਾਲ ਹੈ।

ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਦੇ ਖੋਜੀ ਅਤੇ ਗ਼ਦਰੀ ਭਾਈ ਅਰਜਨ ਸਿੰਘ ਚੰਦ ਨਵਾਂ ਦੀ ਡਾਇਰੀ ਦੇ ਸੰਪਾਦਕ ਡਾ. ਪੂਰਨ ਸਿੰਘ ਗਿੱਲ ਨੇ ਇਤਿਹਾਸਕ ਸਰੋਤਾਂ ਦੀ ਮਹੱਤਤਾ ਬਾਰੇ ਵਿਚਾਰ ਰੱਖੇ। ਇਸ ਮੌਕੇ ਗ਼ਦਰ ਸਾਹਿਤ ਪ੍ਰੇਮੀ ਧਰਮਪਾਲ ਸ਼ਰਮਾ, ਹਰਚਰਨ ਸਿੰਘ ਸੰਧੂ, ਜਤਿੰਦਰ ਸਿੰਘ ਜੇ. ਮਿਨਹਾਸ, ਅਵਤਾਰ ਸਿੰਘ ਢਿੱਲੋਂ, ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸੁਸਾਇਟੀ ਦੇ ਪ੍ਰਧਾਨ ਡਾ. ਪ੍ਰਗਟ ਸਿੰਘ ਭੁਰਜੀ ਅਤੇ ਕੁਵਿੰਟਲਨ ਯੂਨੀਵਰਸਿਟੀ ਦੇ ਨੌਜਵਾਨ ਆਗੂ ਗੁਰਨੂਰ ਸਿੰਘ ਸਮੇਤ ਕਈ ਬੁਲਾਰਿਆਂ ਨੇ ਗ਼ਦਰ ਲਹਿਰ ਦੀ ਇਤਿਹਾਸਕ ਵਿਰਾਸਤ ਅਤੇ ਮੌਜੂਦਾ ਸਮੇਂ ਵਿੱਚ ਇਸ ਦੀ ਪ੍ਰਸੰਗਿਕਤਾ ਬਾਰੇ ਵਿਚਾਰ ਸਾਂਝੇ ਕੀਤੇ।

ਪੁਸਤਕ ਲੋਕ ਅਰਪਣ ਸਮੇਂ ਲੇਖਕ ਸੋਹਣ ਸਿੰਘ ਪੂੰਨੀ ਅਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਵਿਨੀ ਪੂੰਨੀ, ਵਿਸ਼ਵ ਸਿੱਖ ਸੰਸਥਾ ਦੀ ਸਾਬਕਾ ਪ੍ਰਧਾਨ ਗਿਆਨ ਸਿੰਘ ਸੰਧੂ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੇ ਪ੍ਰਧਾਨ ਗੁਰਮੀਤ ਸਿੰਘ ਧਾਲੀਵਾਲ, ਮਰਹੂਮ ਚਿੱਤਰਕਾਰ ਜਰਨੈਲ ਸਿੰਘ ਦੀ ਪਤਨੀ ਬਲਜੀਤ ਕੌਰ, ਨੀਤੀ ਸਿੰਘ, ਸ਼ਬਨਮ ਮੱਲੀ, ਪ੍ਰਕਾਸ਼ ਕੌਰ ਬਰਾੜ, ਵਣਜਾਰਾ ਨੋਮੈਡ ਕਲੈਕਸ਼ਨ ਦੇ ਰਾਜ ਸਿੰਘ ਭੰਡਾਲ, ਵਿਗਿਆਨੀ ਡਾ. ਕੁਲਵੰਤ ਸਿੰਘ ਥਿੰਦ, ਵੈਨਕੂਵਰ ਵਿਚਾਰ ਮੰਚ ਦੇ ਮੋਹਨ ਗਿੱਲ, ਰਜਿੰਦਰ ਸਿੰਘ ਪੰਧੇਰ, ਸਿੱਖ ਵਿਚਾਰ ਮੰਚ ਦੇ ਕੇਸਰ ਸਿੰਘ ਕੂਨਰ, ਬਲਵੀਰ ਸਿੰਘ ਸੰਘਾ, ਗ਼ਜ਼ਲ ਮੰਚ ਦੇ ਰਾਜਵੰਤ ਰਾਜ ਬਾਗੜੀ, ਸ੍ਰੀ ਰਾਮ ਆਸਰਾ, ਗੁਰਮੁਖ ਸਿੰਘ ਦਿਓਲ ਅਤੇ ਪੰਜਾਬੀ ਰੰਗਮੰਚ ਦੀ ਪ੍ਰਮੁੱਖ ਹਸਤੀ ਗੁਰਦੀਪ ਸਿੰਘ ਭੁੱਲਰ ਸਮੇਤ ਸਾਹਿਤ, ਕਲਾ, ਰੰਗਮੰਚ, ਰੇਡੀਓ, ਟੈਲੀਵਿਜ਼ਨ ਅਤੇ ਅਖ਼ਬਾਰਾਂ ਨਾਲ ਸਬੰਧਤ ਅਨੇਕ ਸ਼ਖ਼ਸੀਅਤਾਂ ਹਾਜ਼ਰ ਸਨ।

## ਡੇਅਰੀ ਵਿਕਾਸ ਵਿਭਾਗ ਨੇ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਲਗਾਇਆ

ਵਰਲਡ ਪੰਜਾਬੀ ਟਾਈਮਜ਼




ਫਰੀਦਕੋਟ 21 ਅਗਸਤ : ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵੱਲੋਂ ਐੱਮ.ਜੀ.ਐੱਮ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ 'ਦੁੱਧ ਸੰਪੂਰਨ ਅਤੇ ਸੰਤੁਲਿਤ ਖੁਰਾਕ' ਸੰਬੰਧੀ ਦੁੱਧ ਖਪਤਕਾਰ ਜਾਗਰੂਕਤਾ ਸੈਮੀਨਾਰ ਅਤੇ ਕੈਂਪ ਲਗਾਇਆ ਗਿਆ। ਇਸ ਸੈਮੀਨਾਰ ਵਿੱਚ ਹਾਜ਼ਿਰ ਬੱਚਿਆਂ ਨੂੰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸ੍ਰੀ ਨਿਰਵੈਰ ਸਿੰਘ ਬਰਾੜ ਵੱਲੋਂ ਦੁੱਧ ਅਤੇ ਦੁੱਧ ਪਦਾਰਥਾਂ ਦੀ ਮਹੱਤਤਾ, ਪੰਜਾਬ ਦਾ ਡੇਅਰੀ ਕਿੱਤੇ ਵਿੱਚ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ।


ਸ੍ਰੀ ਗੁਰਲਾਲ ਸਿੰਘ ਡੇਅਰੀ ਵਿਕਾਸ ਇੰਸਪੈਕਟਰ ਵੱਲੋਂ ਦੁੱਧ ਦਾ ਮਨੁੱਖੀ ਜੀਵਨ ਵਿੱਚ ਰੋਲ, ਬੱਚਿਆਂ ਨੂੰ ਹਰ ਰੋਜ਼ ਦੁੱਧ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਵਾਸਤੇ ਮਹੱਤਵਪੂਰਨ ਜਾਣਕਾਰੀ ਦਿੱਤੀ। ਸ੍ਰੀ ਚਸ਼ਨਦੀਪ ਸਿੰਘ, ਮੈਨੇਜਰ ਮਾਰਕਿਟਿੰਗ ਮਿਲਕਫੈੱਡ ਵੱਲੋਂ ਕੈਂਪ ਵਿੱਚ ਸ਼ਾਮਿਲ ਸਿਖਿਆਰਥੀਆਂ ਨੂੰ ਦੁੱਧ ਪਦਾਰਥਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ। ਸ੍ਰੀ ਜਗਪਾਲ ਸਿੰਘ ਬਰਾੜ, (ਕੋਆ. ਇੰਸਪੈਕਟਰ (ਰਿਟਾ.)) ਵਲੋਂ ਸਿਖਿਆਰਥੀਆਂ ਨੂੰ ਫਾਸਟ ਫੂਡ ਦੀ ਜਗਾ ਦੁੱਧ ਨੂੰ ਮਨੁੱਖ ਜੀਵਨ ਵਿੱਚ ਅਪਨਾਉਣ ਲਈ ਸੇਧ ਦਿੱਤੀ ਗਈ। ਸ੍ਰੀ ਵਿੱਕੀ, ਜਿਲ੍ਹਾ ਰੋਜਗਾਰ ਦਫਤਰ ਵੱਲੋਂ ਬੱਚਿਆਂ ਨੂੰ ਕਰੀਅਰ ਗਾਈਡੈਂਸ ਦਿੱਤੀ ਗਈ। ਇਸ ਕੈਂਪ ਵਿੱਚ ਸਕੂਲ ਦੇ ਸਿਖਿਆਰਥਆਂ ਵੱਲੋਂ ਲਿਆਂਦੇ ਗਏ ਦੁੱਧ ਦੇ ਸੈਂਪਲਾਂ ਨੂੰ ਸ੍ਰੀ ਹਰਮਨਪ੍ਰੀਤ ਸਿੰਘ ਡੇਅਰੀ ਵਿਕਾਸ ਇੰਸਪੈਕਟਰ ਵੱਲੋਂ ਚੈਕ ਕੀਤਾ ਗਿਆ। ਦੁੱਧ ਦੇ ਕੁੱਲ 55 ਸੈਂਪਲਾਂ ਵਿੱਚੋਂ 32 ਸੈਂਪਲ ਮਿਆਰਾਂ ਅਨੁਸਾਰ ਅਤੇ 23 ਸੈਂਪਲ ਮਿਆਰਾਂ ਤੋਂ ਘੱਟ ਪਾਏ ਗਏ, ਕਿਸੇ ਵੀ ਸੈਂਪਲ ਵਿੱਚ ਹਾਨੀਕਾਰਕ ਤੱਤ ਦੀ ਪੁਸ਼ਟੀ ਨਹੀਂ ਹੋਈ।

ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਸ੍ਰੀ ਗੁਰਲਾਲ ਸਿੰਘ, ਡੇਅਰੀ ਵਿਕਾਸ ਇੰਸਪੈਕਟਰ ਵੱਲੋਂ ਨਿਭਾਈ ਗਈ। ਅੰਤ ਵਿੱਚ ਸਕੂਲ ਦੇ ਸਮੂਹ ਸਟਾਫ ਵੱਲੋਂ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਫਰੀਦਕੋਟ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਬੱਚਿਆਂ ਨੂੰ ਦੁੱਧ ਪ੍ਰਤੀ ਜਾਗਰੂਕ ਕਰਨ ਲਈ ਅਜਿਹੇ ਕੈਂਪ ਲਗਾਉਣ ਲਈ ਬੇਨਤੀ ਕੀਤੀ ਗਈ।

## ਪੜ੍ਹਾਈ ਪੂਰੀ ਕਰਕੇ ਪੀ.ਆਰ. ਦੀ ਉਡੀਕ ਕਰ ਰਹੀ ਲੜਕੀ ਦੀ ਕੈਨੇਡਾ ਵਿੱਚ ਮੌਤ

### ਕੈਨੇਡਾ ਗਈ ਫਰੀਦਕੋਟ ਦੀ 24 ਸਾਲਾ ਵਿਦਿਆਰਥਣ ਦੀ ਦਿਲ ਦਾ ਦੌਰਾ ਪੈਣ ਕਾਰਨ ਜਾਨ ਗਈ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 21 ਅਗਸਤ : ਫਰੀਦਕੋਟ ਜ਼ਿਲ੍ਹੇ ਦੇ ਪਿੰਡ ਡੋਡ ਦੀ ਰਹਿਣ ਵਾਲੀ 24 ਸਾਲਾ ਲੜਕੀ ਅਨਮੋਲਦੀਪ ਕੌਰ ਦੀ ਕੈਨੇਡਾ ਦੇ ਸ਼ਹਿਰ ਵਿਨੀਪੈਗ ਵਿੱਚ ਅਚਾਨਕ ਦਿਲ ਦਾ ਦੌਰਾ (ਹਾਰਟ ਅਟੈਕ) ਪੈਣ ਕਾਰਨ ਮੌਤ ਹੋ ਗਈ ਹੈ। ਉਹ ਫਰੀਦਕੋਟ ਤੋਂ ਮੈਡੀਕਲ ਸਟ੍ਰੀਮ ਵਿੱਚ 10+2 ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਚਾਰ ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਕੈਨੇਡਾ ਗਈ ਸੀ। ਅਨਮੋਲਦੀਪ ਡੋਡ ਪਿੰਡ ਵਿੱਚ ਕਲੀਨਿਕ ਚਲਾਉਣ ਵਾਲੇ ਸਥਾਨਕ ਮੈਡੀਕਲ ਪ੍ਰੈਕਟੀਸ਼ਨਰ ਅਤੇ ਸਮਾਜ ਸੇਵਕ ਡਾ. ਜਰਨੈਲ ਸਿੰਘ ਦੀ ਗੋਦ ਲਈ ਹੋਈ ਧੀ ਸੀ। ਆਪਣੀ ਕੋਈ ਔਲਾਦ ਨਾ ਹੋਣ ਕਾਰਨ, ਡਾ. ਸਿੰਘ ਨੇ ਆਪਣੇ ਵੱਡੇ ਭਰਾ ਪ੍ਰੀਤਮ ਸਿੰਘ ਦੀ ਧੀ ਅਨਮੋਲਦੀਪ ਨੂੰ ਗੋਦ ਲਿਆ ਸੀ ਅਤੇ ਉਸ ਨੂੰ ਆਪਣੀ ਧੀ ਵਾਂਗ ਪਾਲਿਆ ਸੀ।ਪਾਰਿਵਾਰ ਅਨੁਸਾਰ, ਅਨਮੋਲਦੀਪ ਵਿਨੀਪੈਗ ਵਿੱਚ ਇੱਕ ਅਪਾਰਟਮੈਂਟ ਵਿੱਚ ਬੰਗਲਾਦੇਸ਼ ਦੀ ਇੱਕ ਰੂਮਮੇਟ ਨਾਲ ਰਹਿ ਰਹੀ ਸੀ। ਬੁੱਧਵਾਰ ਨੂੰ ਜਦੋਂ ਉਸ ਦੀ ਸਿਹਤ ਅਚਾਨਕ ਵਿਗੜ ਗਈ ਅਤੇ ਉਸ ਨੂੰ ਘਾਤਕ ਦਿਲ ਦਾ ਦੌਰਾ ਪਿਆ, ਤਾਂ ਉਸ ਦੀ ਰੂਮਮੇਟ ਨੇ ਪਰਿਵਾਰ ਨੂੰ ਇਸ ਬਾਰੇ ਸੂਚਿਤ ਕੀਤਾ। ਉਸ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਸੀ ਅਤੇ ਹਾਲ ਹੀ ਵਿੱਚ ਪੀ.ਆਰ. ਲਈ ਅਰਜ਼ੀ ਦਿੱਤੀ ਸੀ।

ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਦੇ ਯਤਨ :- ਇਸ ਦੁਖਦਾਈ ਘਟਨਾ ਤੋਂ ਡੂੰਘੇ ਸਦਮੇ ਵਿੱਚ ਆਏ ਡਾ. ਜਰਨੈਲ ਸਿੰਘ ਨੇ ਆਪਣੀ ਧੀ ਨੂੰ ਵਿਦੇਸ਼ ਭੇਜਣ 'ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ ਅਤੇ ਘਰੋਂ ਦੂਰ ਰਹਿ ਕੇ ਨੌਜਵਾਨ ਵਿਦਿਆਰਥੀਆਂ ਨੂੰ ਦਰਪੇਸ਼ ਭਾਰੀ ਦਬਾਅ ਤੇ ਚੁਣੌਤੀਆਂ ਦਾ ਜ਼ਿਕਰ ਕੀਤਾ ਹੈ। ਦੁਖੀ ਪਰਿਵਾਰ ਅਤੇ ਪਿੰਡ ਦੇ ਲੋਕ ਹੁਣ ਉਸ ਦੀ ਮ੍ਰਿਤਕ ਦੇਹ ਨੂੰ ਅੰਤਮ ਸਸਕਾਰ ਲਈ ਪੰਜਾਬ ਵਾਪਸ ਲਿਆਉਣ ਦੇ ਯਤਨਾਂ ਵਿੱਚ ਜੁਟੇ ਹੋਏ ਹਨ।

## ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਰਾਸ਼ਟਰਮੰਡਲ ਖੇਡਾਂ-2026 ਦੀ ਚਾਂਦੀ ਤਗਮਾ ਜੇਤੂ ਹਰਜਿੰਦਰ ਕੌਰ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 21 ਅਗਸਤ : ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਰਾਸ਼ਟਰਮੰਡਲ ਖੇਡਾਂ-2026 ਦੀ ਚਾਂਦੀ ਤਗਮਾ ਜੇਤੂ ਅਤੇ ਅੰਤਰਰਾਸ਼ਟਰੀ ਵੇਟਲਿਫਟਰ ਹਰਜਿੰਦਰ ਕੌਰ ਨੂੰ ਉਨ੍ਹਾਂ ਦੀ ਸ਼ਾਨਦਾਰ ਖੇਡ ਪ੍ਰਾਪਤੀ ਲਈ ਸਨਮਾਨਿਤ ਕੀਤਾ। ਹਰਜਿੰਦਰ ਕੌਰ ਨੂੰ ਉਨ੍ਹਾਂ ਦੀ ਸ਼ਾਨਦਾਰ ਕਾਮਯਾਬੀ ਲਈ ਵਧਾਈ ਦਿੰਦਿਆਂ ਰਾਜਪਾਲ ਨੇ ਕਿਹਾ ਕਿ ਉਨ੍ਹਾਂ ਦੀ ਇਸ ਪ੍ਰਾਪਤੀ ਨਾਲ ਪੰਜਾਬ ਦੇ ਨਾਲ-ਨਾਲ ਪੂਰੇ ਦੇਸ਼ ਦਾ ਮਾਣ ਵਧਿਆ ਹੈ। ਉਨ੍ਹਾਂ ਨੇ ਹਰਜਿੰਦਰ ਕੌਰ ਦੀ ਮਿਹਨਤ, ਅਨੁਸ਼ਾਸਨ, ਸਮਰਪਣ ਅਤੇ ਦ੍ਰਿੜ੍ਹ ਇਰਾਦੇ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੀ ਬਦੌਲਤ ਉਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਲਗਾਤਾਰ ਉੱਤਮ ਪ੍ਰਦਰਸ਼ਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਹਰਜਿੰਦਰ ਕੌਰ ਨੇ ਇਸ ਤੋਂ ਪਹਿਲਾਂ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ-2022 ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਹੁਣ ਰਾਸ਼ਟਰਮੰਡਲ ਖੇਡਾਂ-2026 ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਉਨ੍ਹਾਂ ਨੇ ਇੱਕ ਵਾਰ ਫਿਰ ਆਪਣੀ ਪ੍ਰਤਿਭਾ, ਨਿਰੰਤਰਤਾ ਅਤੇ ਸਖ਼ਤ ਮਿਹਨਤ ਦਾ ਸਬੂਤ ਦਿੱਤਾ ਹੈ।

ਸ੍ਰੀ ਕਟਾਰੀਆ ਨੇ ਕਿਹਾ ਕਿ ਹਰਜਿੰਦਰ ਕੌਰ ਵਰਗੇ ਖਿਡਾਰੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਰੋਤ ਹਨ ਅਤੇ ਖਾਸ ਕਰਕੇ ਲੜਕੀਆਂ ਨੂੰ ਖੇਡਾਂ ਵਿੱਚ ਅੱਗੇ ਵਧਣ ਅਤੇ ਉੱਚੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਰਾਜਪਾਲ ਨੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਉਹ ਆਉਣ ਵਾਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਪੰਜਾਬ ਅਤੇ ਭਾਰਤ ਲਈ ਹੋਰ ਵੀ ਕਈ ਤਗਮੇ ਜਿੱਤਣਗੇ। ਹਰਜਿੰਦਰ ਕੌਰ ਨੇ ਸਨਮਾਨ ਅਤੇ ਹੌਸਲਾ-ਅਫ਼ਜ਼ਾਈ ਲਈ ਰਾਜਪਾਲ ਦਾ ਧੰਨਵਾਦ ਕੀਤਾ।

## ਹਾੜੀ ਲਈ ਨਵੀਆਂ ਕਿਸਮਾਂ ਅਤੇ ਤਕਨੀਕਾਂ ਵਿਚਾਰਨ ਵਾਸਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਦੋ ਰੋਜ਼ਾ ਗੋਸ਼ਟੀ ਪੀ.ਏ.ਯੂ. ਵਿੱਚ ਸ਼ੁਰੂ ਹੋਈ

### ਪੀ.ਏ.ਯੂ. ਨਾਲ ਕਿਸਾਨਾਂ ਦਾ ਸੰਬੰਧ ਭਰੋਸੇ ਦੀ ਪੱਕੀ ਤੰਦ ਹੈ: ਵਾਈਸ ਚਾਂਸਲਰ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 21 ਅਗਸਤ : ਅੱਜ ਪੀ.ਏ.ਯੂ. ਦੇ ਪਾਲ ਆਡੀਟੋਰੀਅਮ ਵਿੱਚ ਹਾੜੀ ਦੀਆਂ ਫ਼ਸਲਾਂ ਲਈ ਖੋਜ ਅਤੇ ਪਸਾਰ ਮਾਹਿਰਾਂ ਦੀ ਦੋ ਰੋਜ਼ਾ ਵਰਕਸ਼ਾਪ ਆਰੰਭ ਹੋਈ | ਇਸ ਵਰਕਸ਼ਾਪ ਵਿੱਚ ਪੀ.ਏ.ਯੂ., ਕ੍ਰਿਸ਼ੀ ਵਿਗਿਆਨ ਕੇਂਦਰਾਂ, ਕਿਸਾਨ ਸਲਾਹਕਾਰ ਸੇਵਾ ਕੇਂਦਰਾਂ ਅਤੇ ਖੇਤੀਬਾੜੀ ਵਿਭਾਗ ਦੇ ਖੋਜ ਅਤੇ ਪਸਾਰ ਮਾਹਿਰ ਹਿੱਸਾ ਲੈ ਰਹੇ ਹਨ | ਇਸ ਦੋ ਰੋਜ਼ਾ ਗੋਸ਼ਟੀ ਦਾ ਅਰੰਭਕ ਸੈਸ਼ਨ ਇਹਨਾਂ ਮਾਹਿਰਾਂ ਦੀ ਭਾਰੀ ਹਾਜ਼ਰੀ ਨਾਲ ਸਿਰੇ ਚੜ੍ਹਿਆ| ਇਸ ਸੈਸ਼ਨ ਦੇ ਮੁੱਖ ਮਹਿਮਾਨ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਰਿਸ਼ੀਪਾਲ ਸਿੰਘ ਆਈ ਏ ਐੱਸ ਸਨ ਅਤੇ ਖੇਤੀਬਾੜੀ ਵਿਭਾਗ ਦੇ ਨਿਰਦੇਸ਼ਕ ਸ੍ਰੀ ਗੁਰਜੀਤ ਸਿੰਘ ਬਰਾੜ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ|

ਆਪਣੇ ਭਾਸ਼ਣ ਵਿੱਚ ਵਾਈਸ ਚਾਂਸਲਰ ਡਾ. ਰਿਸ਼ੀਪਾਲ ਸਿੰਘ ਨੇ ਕਿਹਾ ਕਿ ਪੀ.ਏ.ਯੂ. ਦਾ ਯੋਗਦਾਨ ਸਿਰਫ ਹਰੀ ਕ੍ਰਾਂਤੀ ਲਿਆਉਣ ਵਾਲੀ ਤਕਨਾਲੋਜੀ ਦੇ ਵਿਕਾਸ ਅਤੇ ਰੂਪਾਂਤਰਣ ਦੇ ਰੂਪ ਵਿੱਚ ਹੀ ਨਹੀਂ ਦੇਖਿਆ ਜਾ ਸਕਦਾ ਬਲਕਿ ਸਾਡੀਆਂ ਖੋਜ, ਪਸਾਰ ਅਤੇ ਅਕਾਦਮਿਕ ਪ੍ਰਾਪਤੀਆਂ ਦੇ ਕਾਰਨ ਹੀ ਰਾਸ਼ਟਰੀ ਰੈਂਕਿੰਗ ਏਜੰਸੀ ਨੇ ਇਸ ਸੰਸਥਾ ਨੂੰ ਲਗਾਤਾਰ ਤਿੰਨ ਸਾਲਾਂ ਤੋਂ ਦੇਸ਼ ਦੀ ਸਭ ਤੋਂ ਵਧੀਆ ਖੇਤੀ ਸੰਸਥਾ ਵਜੋਂ ਮਾਨਤਾ ਦਿੱਤੀ ਹੈ| ਉਹਨਾਂ ਕਿਹਾ ਕਿ ਇਹ ਤਾਂ ਹੀ ਸੰਭਵ ਹੋਇਆ ਕਿ ਪੀ.ਏ.ਯੂ. ਮਾਹਿਰਾਂ ਨੇ ਕਿਸਾਨਾਂ ਦੀਆਂ ਲੋੜਾਂ ਅਨੁਸਾਰ ਕਿਸਮਾਂ, ਉਤਪਾਦਨ ਤਕਨੀਕਾਂ ਅਤੇ ਤਕਨਾਲੋਜੀ ਵਿਕਸਿਤ ਕੀਤੀ ਅਤੇ ਪਸਾਰ ਮਾਹਿਰਾਂ ਨੇ ਇਸ ਤਕਨਾਲੋਜੀ ਨੂੰ ਕਿਸਾਨਾਂ ਤੱਕ ਪਹੁੰਚਾਇਆ | ਵਾਈਸ ਚਾਂਸਲਰ ਨੇ ਕਿਸਾਨਾਂ ਨੂੰ ਕਣਕ-ਝੋਨੇ ਦੇ ਨਾਲ-ਨਾਲ ਬਦਲਵੀਆਂ ਫਸਲਾਂ ਦੀ ਕਾਸ਼ਤ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਤਰੀਕਾ ਹੀ ਪੰਜਾਬ ਵਿੱਚ ਪਾਣੀ ਦੀ ਸੰਭਾਲ ਲਈ ਕਾਰਗਾਰ ਕੋਸ਼ਿਸ਼ ਬਣ ਸਕਦਾ ਹੈ ਅਤੇ ਪਾਣੀ ਦੀ ਸੰਭਾਲ ਸਾਡੇ ਯੁੱਗ ਦਾ ਸਭ ਤੋਂ ਅਹਿਮ ਮੁੱਦਾ ਹੈ | ਵਾਈਸ ਚਾਂਸਲਰ ਨੇ ਦੱਸਿਆ ਕਿ ਤੁਪਕਾ ਸਿੰਚਾਈ ਵਿਸ਼ੇਸ਼ ਤੌਰ ਤੇ ਪਾਣੀ ਦੀ ਸੰਭਾਲ ਲਈ ਬੜੀ ਲਾਹੇਵੰਦ ਸਿੱਧ ਹੋ ਸਕਦੀ ਹੈ|

ਉਹਨਾਂ ਨੇ ਪੀ.ਏ.ਯੂ. ਵੱਲੋਂ ਵਿਕਸਿਤ ਮਸ਼ੀਨਰੀ ਨੂੰ ਅਪਨਾਉਣ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਅਤੇ ਨਾਲ ਹੀ ਕਿਹਾ ਕਿ ਪੀ.ਏ.ਯੂ. ਆਪਣੇ ਆਰੰਭ ਤੋਂ ਹੀ ਕਿਸਾਨਾਂ ਨਾਲ ਨੇੜਲੇ ਸੰਬੰਧਾਂ ਵਿੱਚ ਬੱਝੀ ਰਹੀ ਹੈ| 11 ਲੱਖ ਕਿਸਾਨਾਂ ਤੱਕ ਹਰ ਹਫ਼ਤੇ ਡਿਜ਼ੀਟਲ ਅਖਬਾਰ ਦਾ ਪੁੱਜਣਾ, ਕਿਸਾਨ ਮੇਲਿਆਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਕਿਸਾਨਾਂ ਦੀ ਸ਼ਿਰਕਤ ਅਤੇ ਹਾੜੀ-ਸਾਉਣੀ ਦੀਆਂ ਫਸਲਾਂ ਦੀਆਂ ਵਰਕਸ਼ਾਪਾਂ ਇਹ ਸਾਬਤ ਕਰਦੀਆਂ ਹਨ ਕਿ ਯੂਨੀਵਰਸਿਟੀ ਤਕਨਾਲੋਜੀਆਂ ਕਿਸਾਨਾਂ ਤੱਕ ਪਹੁੰਚਾਉਣ ਲਈ ਭਰੋਸੇਯੋਗ ਪਹੁੰਚ ਦੀ ਧਾਰਨੀ ਹੈ|

ਪ੍ਰਧਾਨਗੀ ਭਾਸ਼ਣ ਵਿੱਚ ਸ੍ਰੀ ਗੁਰਜੀਤ ਸਿੰਘ ਬਰਾੜ ਨੇ ਕਿਹਾ ਕਿ ਖੋਜੀਆਂ ਅਤੇ ਪਸਾਰ ਮਾਹਿਰਾਂ ਦੀ ਅਜਿਹੀ ਇਕੱਤਰਤਾ ਦੀ ਮਿਸਾਲ ਮਿਲਣਾ ਔਖਾ ਹੈ | ਉਹਨਾਂ ਪੀ.ਏ.ਯੂ. ਵੱਲੋਂ ਮੁੱਖ ਫ਼ਸਲਾਂ, ਸਬਜ਼ੀਆਂ, ਫ਼ਲਾਂ, ਤੇਲਬੀਜਾਂ ਅਤੇ ਚਾਰਿਆਂ ਦੀਆਂ ਪੈਦਾ ਕੀਤੀਆਂ ਕਿਸਮਾਂ ਉੱਪਰ ਤਸੱਲੀ ਪ੍ਰਗਟ ਕੀਤੀ ਅਤੇ ਕਿਹਾ ਕਿ ਵਿਭਾਗ ਅਤੇ ਯੂਨੀਵਰਸਿਟੀ ਵਿਚਕਾਰ ਤਾਲਮੇਲ ਨੂੰ ਹੋਰ ਬਿਹਤਰ ਢੰਗ ਨਾਲ ਲਾਗੂ ਕਰਕੇ ਇਹ ਤਕਨਾਲੋਜੀਆਂ ਕਿਸਾਨਾਂ ਦੀ ਬਿਹਤਰੀ ਲਈ ਉਹਨਾਂ ਤੱਕ ਪਹੁੰਚਾਈਆਂ ਜਾ ਸਕਦੀਆਂ ਹਨ | ਸ੍ਰੀ ਬਰਾੜ ਨੇ ਕਿਹਾ ਕਿ ਆਉਂਦੇ ਹਾੜੀ ਸੀਜ਼ਨ ਦੌਰਾਨ ਕਣਕ ਹੇਠ ਰਕਬਾ ਘਟਾਉਣ ਲਈ ਗੰਨੇ, ਖੇਤੀ ਜੰਗਲਾਤ ਅਤੇ ਸਰ੍ਹੋਂ ਦੀ ਕਾਸ਼ਤ ਨਾਲ ਕਿਸਾਨਾਂ ਨੂੰ ਜੋੜਨਾ ਪਵੇਗਾ | ਉਹਨਾਂ ਕਿਹਾ ਕਿ ਦੋਵਾਂ ਸੰਸਥਾਵਾਂ ਦੀ ਸਾਂਝ ਜਿੰਨੀ ਪਕੇਰੀ ਹੋਵੇਗੀ ਓਨਾ ਪੰਜਾਬ ਦੀ ਕਿਸਾਨੀ ਦਾ ਲਾਭ ਹੋਵੇਗਾ | ਸ੍ਰੀ ਬਰਾੜ ਨੇ ਹਾੜੀ ਸੀਜ਼ਨ ਦੌਰਾਨ ਤੇਲਬੀਜਾਂ, ਤਿਲਾਂ, ਖਰਵੇ ਅਨਾਜ ਦੀ ਕਾਸ਼ਤ ਲਈ ਸਿਫ਼ਾਰਸ਼ਾਂ ਕਿਸਾਨਾਂ ਤੱਕ ਪਹੁੰਚਾਉਣ ਲਈ ਕਿਹਾ|

ਪੀ.ਏ.ਯੂ. ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਆਉਂਦੇ ਹਾੜੀ ਸੀਜ਼ਨ ਦੌਰਾਨ ਪੀ.ਏ.ਯੂ. ਦੀਆਂ ਖੋਜ ਸਿਫ਼ਾਰਸ਼ਾਂ ਸਾਂਝੀਆਂ ਕੀਤੀਆਂ | ਉਹਨਾਂ ਨੇ ਨਵੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਵਿੱਚ ਕਣਕ ਦੀ ਕਿਸਮ ਪੀ ਬੀ ਡਬਲਯੂ 887 ਅਤੇ ਪੀ ਬੀ ਡਬਲਯੂ 927 ਦਾ ਜ਼ਿਕਰ ਕੀਤਾ | ਮਸਰਾਂ ਦੀ ਕਿਸਮ ਐੱਲ ਐੱਲ 1613, ਸਰ੍ਹੋਂ ਦੀ ਕਿਸਮ ਪੰਜਾਬ ਰਾਇਆ ਕਨੌਲਾ 7 ਅਤੇ ਪੰਜਾਬ ਰਾਇਆ 813, ਬਰਸੀਮ ਦੀ ਕਿਸਮ ਬੀ ਐੱਲ 45 ਆਦਿ ਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਦੱਸਦਿਆਂ ਡਾ. ਢੱਟ ਨੇ ਇਹ ਕਿਸਮਾਂ ਮਾਹਿਰਾਂ ਸਾਵੇਂ ਰੱਖੀਆਂ| ਇਸ ਦੇ ਨਾਲ ਹੀ ਉਹਨਾਂ ਨੇ ਉਤਪਾਦਨ ਅਤੇ ਪੌਦ ਸੁਰੱਖਿਆ ਤਕਨੀਕਾਂ ਵਿੱਚ ਗੁੱਲੀ ਡੰਡੇ ਦੀ ਰੋਕਥਾਮ, ਸੂਖਮ ਸਿੰਚਾਈ, ਗੋਭੀ ਸਰ੍ਹੋਂ ਅਤੇ ਤੋਰੀਆ ਦੀ ਅੰਤਰ ਫਸਲੀ ਕਾਸ਼ਤ ਦੇ ਨਾਲ-ਨਾਲ ਅਚਾਰ ਬਨਾਉਣ ਲਈ ਲੈਕਟਿਕ ਐਸਿਡ ਬੈਕਟੀਰੀਆ ਜਾਗ ਦਾ ਜ਼ਿਕਰ ਵੀ ਕੀਤਾ|


ਇਸ ਸੈਸ਼ਨ ਵਿੱਚ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਸਭ ਦਾ ਸਵਾਗਤ ਕੀਤਾ | ਉਹਨਾਂ ਕਿਹਾ ਕਿ ਇਸ ਵਰਕਸ਼ਾਪ ਦਾ ਮਹੱਤਵ ਮੌਜੂਦਾ ਖੇਤੀ ਚੁਣੌਤੀਆਂ ਸਾਹਮਣੇ ਖੋਜ ਅਤੇ ਪਸਾਰ ਦੀ ਮਜ਼ਬੂਤੀ ਲਈ ਵਿਚਾਰ-ਚਰਚਾ ਕਰਨ ਵਿੱਚ ਹੈ | ਇਸ ਦੇ ਨਾਲ ਹੀ ਡਾ. ਭੁੱਲਰ ਨੇ ਆਉਂਦੇ ਦਿਨਾਂ ਵਿਚ ਕਿਸਾਨ ਮੇਲਿਆਂ ਦੌਰਾਨ ਕਿਸਾਨਾਂ ਦੀ ਅਗਵਾਈ ਲਈ ਮਾਹਿਰਾਂ ਨੂੰ ਪ੍ਰੇਰਿਤ ਕੀਤਾ|

ਇਸ ਸੈਸ਼ਨ ਦਾ ਮੰਚ ਸੰਚਾਲਨ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕੀਤਾ | ਡਾ. ਰਿਆੜ ਨੇ ਖੇਤੀ ਨੂੰ ਨਵੀਆਂ ਲੀਹਾਂ ਤੇ ਤੋਰਨ ਲਈ ਕਿਸਾਨਾਂ ਨੂੰ ਖੇਤੀ ਉੱਦਮ ਅਤੇ ਸਿਖਲਾਈ ਨਾਲ ਜੁੜਨ ਲਈ ਕਿਹਾ ਅਤੇ ਇਸ ਕਾਰਜ ਲਈ ਪੀ.ਏ.ਯੂ. ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ | ਅੰਤ ਵਿੱਚ ਖੇਤੀਬਾੜੀ ਕਾਲਜ ਦੇ ਡੀਨ ਡਾ. ਚਰਨਜੀਤ ਸਿੰਘ ਔਲਖ ਨੇ ਸਭ ਦਾ ਧੰਨਵਾਦ ਕੀਤਾ|

ਇਸ ਮੌਕੇ ਖੇਤੀ ਕਾਮਿਆਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਖੁਰਾਕੀ ਪ੍ਰਬੰਧ ਬਾਰੇ ਖੇਤੀ ਪ੍ਰਕਾਸ਼ਨਾਂ ਲੋਕ ਅਰਪਿਤ ਕੀਤੀ ਗਈ| ਇਸ ਪੁਸਤਕ ਦੇ ਰਚਨਾਤਮਕ ਸਹਿਯੋਗੀ ਡਾ. ਪਰਮਿੰਦਰ ਕੌਰ, ਡਾ. ਦਿਵਿਆ ਜੈਨ, ਡਾ. ਪਿਵਰਜੀਤ ਕੌਰ ਢਿੱਲੋਂ ਅਤੇ ਡਾ. ਅਮਨਦੀਪ ਕੌਰ ਮੱਕੜ ਹਨ ਅਤੇ ਇਸ ਦੀ ਸੰਪਾਦਨਾ ਡਾ. ਗੁਰਉਪਦੇਸ਼ ਕੌਰ ਨੇ ਕੀਤੀ ਹੈ| ਇਸਦੇ ਨਾਲ ਹੀ ਖੇਤਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਦੀ ਸਿਹਤ ਅਤੇ ਪੋਸ਼ਣ ਬਾਰੇ ਇੱਕ ਕਿਤਾਬ ਵੀ ਜਾਰੀ ਕੀਤੀ ਗਈ|ਅੱਜ ਦੇ ਤਕਨੀਕੀ ਸੈਸ਼ਨਾਂ ਵਿੱਚ ਕਣਕ, ਜੌਂਅ ਅਤੇ ਚਾਰੇ ਬਾਰੇ ਸੈਸ਼ਨ ਹੋਇਆ | ਇਸ ਵਿੱਚ ਮਾਹਿਰਾਂ ਨੇ ਸੰਬੰਧਿਤ ਫ਼ਸਲਾਂ ਦੀ ਕਾਸ਼ਤ, ਕਿਸਮਾਂ ਅਤੇ ਤਕਨੀਕਾਂ ਬਾਰੇ ਵਿਚਾਰ ਕੀਤੀ | ਸ਼ਾਮ ਦੇ ਤਕਨੀਕੀ ਸੈਸ਼ਨ ਵਿੱਚ ਤੇਲਬੀਜਾਂ, ਦਾਲਾਂ, ਕਮਾਦ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਵਿਚਾਰਿਆ ਗਿਆ |ਕੱਲ ਇਸ ਕਾਨਫਰੰਸ ਦੇ ਦੂਜੇ ਦਿਨ ਹੋਣ ਵਾਲੇ ਸੈਸ਼ਨ ਵਿੱਚ ਖੇਤੀ ਇੰਜਨੀਅਰਿੰਗ, ਖੇਤੀ ਜੰਗਲਾਤ, ਮਾਈਕ੍ਰੋਬਾਇਆਲੋਜੀ ਤੇ ਅਰਥ ਸ਼ਾਸਤਰ ਨਾਲ ਸੰਬੰਧਿਤ ਵਿਚਾਰਾਂ ਕੀਤੀਆਂ ਜਾਣਗੀਆਂ|

## ਚਿੱਤਰਕਾਰ ਦਲੀਪ ਸਿੰਘ ਬਾਰੇ ਸਿਮਰਤੀ ਗ੍ਰੰਥ ਦੀ ਪ੍ਰਕਾਸ਼ਨਾ ਸ਼ੁਭ ਮੁਬਾਰਕ ਕਾਰਜ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਕਦੇ ਸਮਾਂ ਸੀ ਜਦ "ਪ੍ਰੀਤਲੜੀ" ਮੈਗਜ਼ੀਨ ਦੇ ਹਰ ਅੰਕ ਦਾ ਮੂੰਹ ਮੱਥਾ ਚਿੱਤਰਕਾਰ ਦਲੀਪ ਸਿੰਘ ਸ਼ਿੰਗਾਰਦੇ ਸਨ। ਉਹ ਖਾਲਸਾ ਕਾਲਿਜ ਆਫ਼ ਐਜੂਕੇਸ਼ਨ ਅੰਮ੍ਰਿਤਸਰ ਵਿੱਚ ਫ਼ਾਈਨ ਆਰਟਸ ਦੇ ਅਧਿਆਪਕ ਸਨ।

ਸਹਿਜ ਤੋਰ ਤੁਰਦੇ, ਨਿਰਮਲ ਨੀਰ ਦੀ ਨਦੀ ਵਾਂਗ। ਉਨ੍ਹਾਂ ਦੀਆਂ ਅਰਥਵਾਨ ਲਕੀਰਾਂ ਅੱਜ ਵਾ ਚੇਤਿਆਂ ਵਿੱਚ ਉੱਕਰੀਆਂ ਪਈਆਂ ਹਨ।

ਸੱਚਲ ਪਬਲੀਕੇਸ਼ਨਜ਼ ਅੰਮ੍ਰਿਤਸਰ ਵਾਲੇ ਉਤਸ਼ਾਹੀ ਤੇ ਸੁਹਜਵੰਤੇ ਵੀਰਾਂ ਸੰਦੀਪ ਸਿੰਘ ਤੇ ਮਨਦੀਪ ਸਿੰਘ ਨਾਲ ਹਰਦੀਪ ਸਿੰਘ ਦੇ ਸਾਥ ਨੇ ਬਹੁਤ ਖ਼ੂਬਸੂਰਤ ਪ੍ਰਕਾਸ਼ਨਾ ਕੀਤੀ ਹੈ "ਦਲੀਪ"।

ਇਸ ਦਾ ਸੰਪਾਦਨ ਤੇ ਅਨੁਵਾਦ ਕਾਰਜ ਜ਼ਹੀਨ ਕਵਿੱਤਰੀ ਬਿਪਨਪ੍ਰੀਤ ਨੇ ਕੀਤਾ ਹੈ। "ਵਿੱਸਰੀਆਂ ਯਾਦਾਂ ਦਲੀਪ ਚਿੱਤਰਕਾਰ ਦੀਆਂ" ਨਾਮ ਹੇਠ ਇਸ ਵੱਡ ਆਕਾਰੀ ਕਿਤਾਬ ਦਾ ਰੂਪ ਸਰੂਪ ਬੇਅੰਤ ਖ਼ੂਬਸੂਰਤ ਹੈ।

ਤਿੰਨ ਲੇਖ ਹਨ ਹਨ ਪਹਿਲੇ ਭਾਗ ਵਿੱਚ। ਬਿਪਨਪ੍ਰੀਤ, ਦਲੀਪ ਸਿੰਘ ਜੀ ਦੀ ਬੇਟੀ ਤਰਲੋਚਨ ਕੌਰ ਤੇ ਬਟਾਲਾ ਵਾਲੇ ਫੋਟੋ ਆਰਟਿਸਟ ਹਰਭਜਨ ਸਿੰਘ ਬਾਜਵਾ ਦੇ। ਇਨ੍ਹਾਂ ਦਾ ਅੰਗਰੇਜ਼ੀ ਅਨੁਵਾਦ ਵੀ ਹੈ।

ਸੱਦਣ ਦੀਆਂ ਬਾਤਾਂ ਵਰਗ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਹਰਭਜਨ ਸਿੰਘ ਸੋਚ, ਡਾ. ਇੰਦੂ ਸੁਧੀਰ, ਬਾਲ ਸੰਦੇਸ਼ ਦੇ ਸੰਪਾਦਕ ਰਹੇ ਸ. ਹਿਰਦੇਪਾਲ ਸਿੰਘ ਤੋਂ ਇਲਾਵਾ ਦਲੀਪ ਜੀ ਦੇ ਭਣੇਵੇਂ ਭੁਪਿੰਦਰ ਸਿੰਘ ਸੱਗੂ ਦੇ ਲੇਖ ਹਨ। ਪਹਿਲੀਆਂ ਤਿੰਨ ਤਾਂ ਮੁਲਾਕਾਤਾਂ ਹੀ ਹਨ।

ਇਸ ਕਿਤਾਬ ਵਿੱਚ ਦਲੀਪ ਜੀ ਦੀਆਂ ਕੁਝ ਕਵਿਤਾਵਾਂ ਵੀ ਸ਼ਾਮਲ ਹਨ ਜੋ ਉਨ੍ਹਾਂ ਦੇ ਸੰਵੇਦਨਸ਼ੀਲ ਮਨ ਦੀ ਪੇਸ਼ਕਾਰੀ ਕਰਦੀਆਂ ਹਨ।

ਪੰਨਾ 127 ਤੇ ਦਲੀਪ ਜੀ ਦੀ ਹੱਥ ਲਿਖਤ ਵੇਖਣਾ ਵੀ ਚੰਗਾ ਲੱਗਾ।

ਬਹੁਤ ਥੋੜੇ ਲੋਕ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਲੋਗੋ ਵੀ ਦਲੀਪ ਦੀ ਨੇ ਹੀ ਤਿਆਰ ਕੀਤਾ ਸੀ। ਹਰ ਡਿਗਰੀ ਤੇ ਇਹੀ ਛਪਦਾ ਹੈ।

ਸ਼ਿਵ ਕੁਮਾਰ ਦੀ ਜਗਤ ਪ੍ਰਸਿੱਧ ਰਚਨਾ "ਲੂਣਾ" ਦੀ ਅੱਖਰਕਾਰੀ ਤੇ ਰੂਪ ਸੱਜਾ ਦਲੀਪ ਜੀ ਨੇ ਹੀ ਕੀਤੀ ਸੀ। ਤੇਜ਼ ਪ੍ਰਿੰਟਿੰਗ ਪ੍ਰੈੱਸ ਤੇ ਹੀ ਪਹਿਲਾ ਸੰਸਕਰਨ ਛਪਿਆ ਸੀ ਬਾ ਕਮਾਲ।

ਉਸ ਦੀਆਂ ਕੁਝ ਹੋਰ ਕਿਤਾਬਾਂ ਤੋਂ ਇਲਾਵਾ ਕੁਝ ਲੇਖਕਾਂ ਦੀਂ ਕਿਤਾਬਾਂ ਦਾ ਕਵਰ ਡੀਜ਼ਾਈਨ ਵੀ ਦਲੀਪ ਜੀ ਨੇ ਹੀ ਕੀਤਾ।

ਉਨ੍ਹਾਂ ਦੇ ਵਿਛੋੜੇ ਤੋਂ ਪੰਜਾਹ ਸਾਲ ਬਾਦ ਇਸ ਕਿਤਾਬ ਦਾ ਪ੍ਰਕਾਸ਼ਨ ਬੱਹੱਦ ਸਤਿਕਾਰਯੋਗ ਹੈ।

ਇਸ ਦਾ ਛਪਾਈ ਪੇਪਰ ਤੇ ਪ੍ਰਿੰਟਿੰਗ ਕਮਾਲ ਦੀ ਹੈ। ਪਰਿੰਟਵੈੱਲ ਨੇ ਇਸ ਕਿਤਾਬ ਨੂੰ ਬਹੁਤ ਹੀ ਰੀਝ ਨਾਲ ਛਾਪਿਆ ਹੈ।

ਮਹਿੰਗੇ ਆਰਟ ਪੇਪਰ ਤੇ ਛਪੀ ਇਸ 352 ਪੰਨਿਆਂ ਦੀ ਪੁਸਤਕ ਦੀ ਕੀਮਤ 2500/-ਰੁਪਏ ਰੱਖੀ ਗਈ ਹੈ।
ਮੇਰਾ ਸੁਝਾਅ ਹੈ ਕਿ ਅਗਲਾ ਸੰਸਕਰਨ ਜਦ ਵੀ ਛਪੇ ਤਾਂ ਪੰਨੇ ਘਟਾਏ ਜਾ ਸਕਦੇ ਹਨ। ਪੰਜਾਬੀ ਨਾਲ ਅੰਗਰੇਜ਼ੀ ਅਨੁਵਾਦ ਇੱਕ ਪੰਨੇ ਤੇ ਪੈ ਸਕਦਾ ਹੈ। ਦੋਭਾਸ਼ੀ ਪੁਸਤਕ ਛਾਪਣ ਨਾਲ ਵੀ ਕਿਤਾਬ ਦੀ ਕੀਮਤ ਵਧੀ ਹੈ।

ਕਿਤਾਬਾਂ ਦੇ ਟਾਈਟਲ ਤੇ ਪ੍ਰੀਤਲੜੀ ਦੇ ਸਰਵਰਕ ਇੱਕ ਪੰਨੇ ਤੇ ਦੋ ਦੋ ਕੀਤੇ ਜਾ ਸਕਦੇ ਹਨ। ਇਹ ਕੇਵਲ ਮੇਰੇ ਜ਼ਾਤੀ ਸੁਝਾਅ ਹੀ ਹਨ,ਇਸ ਨਾਲ ਕੀਮਤ ਹੇਠਾਂ ਆ ਸਕੇਗੀ। ਪਾਠਕ ਦੀ ਪਹੁੰਚ ਵਿੱਚ ਕਿਤਾਬ ਦਾ ਆਉਣਾ ਬਹੁਤ ਜ਼ਰੂਰੀ ਹੈ। ਇਸ ਵਕਤ ਸਭਨਾਂ ਨੂੰ ਮੁਬਾਰਕ।

## ਲਿਖਾਰੀ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮੈਂ ਕੋਈ ਲਿਖਾਰੀ ਨਹੀਂ,
ਮੈਂ ਤਾਂ ਬਸ ਆਪਣੇ ਜਜ਼ਬਾਤਾਂ ਨੂੰ ਲਿਖਦੀ ਹਾਂ।

ਜੋ ਹੁੰਦਾ ਏ ਆਸ-ਪਾਸ,
ਜੋ ਮੇਰੇ ਨਾਲ ਹੁੰਦਾ,
ਮੈਂ ਉਹ ਹਾਲਾਤ ਲਿਖਦੀ ਹਾਂ।

ਜ਼ਿੰਦਗੀ ਇੱਕ ਕਵਿਤਾ ਏ,
ਇਸ ਲਈ ਮੈਂ ਆਪਣੀਆਂ ਯਾਦਾਂ ਲਿਖਦੀ ਹਾਂ।

ਇਹਨਾਂ ਜਜ਼ਬਾਤਾਂ ਨਾਲ ਮੈਨੂੰ ਪਿਆਰ ਏ,
ਇਸੇ ਲਈ ਸਾਰੇ ਹਾਲਾਤ ਲਿਖਦੀ ਹਾਂ।

ਮੈਂ ਕੋਈ ਕਵੀ ਜਾਂ ਲਿਖਾਰੀ ਨਹੀਂ ਹਾਂ, ਸਮਝੋ,
ਮੈਂ ਹਰ ਮੌਸਮ ਬਦਲਦੇ ਦੇਖੇ,
ਮੌਸਮ ਦੇ ਹਾਲਾਤ ਲਿਖਦੀ ਹਾਂ।

ਮੈਂ ਇਨਸਾਨ ਬਦਲਦੇ ਦੇਖੇ,
ਇਸ ਲਈ ਮੈਂ ਆਪਣੀ ਰੂਹ ਨਾਲ ਲਿਖਦੀ ਹਾਂ।

ਸੱਚੀ, ਮੈਂ ਹਮੇਸ਼ਾ ਸੱਚ ਲਿਖਦੀ ਹਾਂ,
ਜੋ ਪੱਥਰ ਹੋਏ ਨੇ ਇਨਸਾਨ,
ਉਹਨਾਂ ਬਾਰੇ ਕੀ ਲਿਖਦੀ..?

ਮੈਂ ਸੋਚ-ਸੋਚ ਕੇ ਜੋ ਪਲ ਮੇਰੇ,
ਜਿਹਨਾਂ 'ਚ ਕਤਲ ਹੋ ਗਿਆ ਮੇਰੇ ਜਜ਼ਬਾਤਾਂ ਦਾ,
ਇਸ ਲਈ ਤਾਂ ਮੈਂ ਉਹ ਹਾਲਾਤ ਲਿਖਦੀ ਹਾਂ।

ਕੋਈ ਨਹੀਂ ਮੈਨੂੰ ਸਮਝ ਸਕਿਆ,
ਉਹ ਗੱਲ ਮੈਂ ਲਿਖਦੀ ਹਾਂ।

ਹਾਂ, ਮੈਂ ਲਿਖਾਰੀ ਹਾਂ...

## ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਪ੍ਰੋ. ਗੁਰਬਖ਼ਸ਼ ਕੌਰ ਕਾਹਲੋਂ ਰਚਿਤ ਪੁਸਤਕ "ਕਥਿਹੁ ਅਕਥ ਕਹਾਣੀ" ਲੁਧਿਆਣਾ ਵਿੱਚ ਸੰਗਤ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 21 ਅਗਸਤ : ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੈਲੇਫੋਰਨੀਆ(ਅਮਰੀਕਾ ਵਾਸੀ) ਗੁਰਬਖ਼ਸ਼ ਕੌਰ ਕਾਹਲੋਂ ਰਚਿਤ ਪੁਸਤਕ "ਕਥਿਹੁ ਅਕਥ ਕਹਾਣੀ" ਲੁਧਿਆਣਾ ਵਿੱਚ ਸੰਗਤ ਅਰਪਣ ਕਰਦਿਆਂ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਪਰਮਾਤਮਾ ਦੇ ਸਰੂਪ ਬਾਰੇ ਬਿਆਨ ਕੀਤੀ ਅਕੱਥ ਦੀ ਕਹਾਣੀ ਨੂੰ ਆਸਾਨ ਭਾਸ਼ਾ ਵਿੱਚ ਲਿਖਣਾ ਬੇਹੱਦ ਸ਼ਲਾਘਾ ਯੋਗ ਕਾਰਜ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਸੇਵਾ ਨਿਭਾਉਣ ਉਪਰੰਤ 1977 ਤੋਂ ਅਮਰੀਕਾ ਵੱਸਦੇ ਬੀਬੀ ਜੀ ਗੁਰਬਖ਼ਸ਼ ਕੌਰ ਕਾਹਲੋਂ ਦੀ ਇਹ ਲਿਖਤ ਸਾਡਾ ਪੰਜਾਬੀਆਂ ਦਾ ਰਾਹ ਰੁਸ਼ਨਾਵੇਗੀ। ਗੁਰਮਤਿ ਗਾਡੀਰਾਹ ਤੇ ਤੁਰਦਿਆਂ ਅਨੇਕਾਂ ਪ੍ਰਸ਼ਨ ਸਾਡੇ ਸਾਹਮਣੇ ਆਣ ਖਲੋਂਦੇ ਹਨ ਜਿੰਨ੍ਹਾਂ ਦਾ ਉੱਤਰ ਗੁਰਬਾਣੀ ਸਪਸ਼ਟ ਰੂਪ ਲਿੱਚ ਦੇਂਦੀ ਹੈ ਪਰ ਵਿਦਵਾਨ ਲੋਕਾਂ ਦੀ ਗੁੰਝਲਦਾਰ ਭਾਸ਼ਾ ਕਾਰਨ ਸਾਡੇ ਲਈ ਅਣਸੁਲਝੇ ਸਵਾਲ ਰਹਿ ਜਾਂਦੇ ਹਨ।

ਉਨ੍ਹਾਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਧੰਨਵਾਦ ਕੀਤਾ ਜਿਹੜੇ ਹਰ ਫੇਰੀ ਤੇ ਮੈਨੂੰ ਪੁਸਤਕਾਂ ਦੇ ਕੇ ਨਿਵਾਜਦੇ ਹਨ। ਅੱਜ ਵੀ ਇਸ ਕਿਤਾਬ ਤੋਂ ਇਲਾਵਾ ਉਨ੍ਹਾਂ ਨੇ ਮੈਨੂੰ ਖ਼ਾਲਸਾ ਕਾਲਿਜ ਅੰਮ੍ਰਿਤਸਰ ਦੇ ਵਿਸ਼ਵ ਪ੍ਰਸਿੱਧ ਆਰਕੀਟੈਕਟ ਭਾਈ ਰਾਮ ਸਿੰਘ ਜੀ ਬਾਰੇ ਸੱਚਲ ਪ੍ਰਕਾਸ਼ਨ ਅੰਮ੍ਰਿਤਸਰ ਵੱਲੋਂ ਛਾਪੀ ਪੁਸਤਕ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਡਾ. ਜਸਵਿੰਦਰ ਭੱਲਾ ਬਾਰੇ ਬਾਲ ਮੁਕੰਦ ਸ਼ਰਮਾ ਤੇ ਪਾਲੀ ਭੁਪਿੰਦਰ ਸਿੰਘ ਵੱਲੋਂ ਲਿਖੀ ਕਿਤਾਬ ਤੋਂ ਇਲਾਵਾ ਕੁਝ ਹੋਰ ਪੁਸਤਕਾਂ ਵੀ ਭੇਂਟ ਕੀਤੀਆਂ ਹਨ।

ਇਸ ਮੌਕੇ (ਸਿਡਨੀ)ਆਸਟ੍ਰੇਲੀਆ ਤੋਂ ਭਾਰਤ ਫੇਰੀ ਤੇ ਆਏ ਸ. ਪ੍ਰਭਜੋਤ ਸਿੰਘ ਸੰਧੂ ਨੇ ਵੀ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨਾਲ ਪੰਜਾਬ ਦੇ ਖੇਤੀ ਅਰਥਚਾਰੇ ਦੇ ਵਿਕਾਸ ਲਈ ਕੁਝ ਠੋਸ ਸੁਝਾਅ ਦਿੱਤੇ। ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਪ੍ਰਭਜੋਤ ਸਿੰਘ ਸੰਧੂ ਨੂੰ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸ. ਗੁਰਮੀਤ ਸਿੰਘ ਖੁੱਡੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਮਤਿ ਮਾਰਗ ਦੀ ਸਹੀ ਤੇ ਸੁਖੈਨ ਵਿਆਖਿਆ ਵਾਲੀ ਪੁਸਤਕ ਦਾ ਉਨ੍ਹਾਂ ਵਰਗੇ ਨਿੱਤ ਨੇਮੀ ਆਦਮੀ ਵੱਲੋਂ ਹੋਣਾ ਯਕੀਨਨ ਬਖਸ਼ਿਸ਼ ਵਾਂਗ ਹੈ ਕਿਉਂ ਕੱਲ੍ਹ ਹੀ ਇਹ ਪੁਸਤਕ ਸਿੰਘ ਬਰਦਰਜ਼ ਅੰਮ੍ਰਿਤਸਰ ਦੇ ਮਾਲਕ ਸ. ਗੁਰਸਾਗਰ ਸਿੰਘ ਵੱਲੋਂ ਮੈਨੂੰ ਪ੍ਰਾਪਤ ਹੋਈ ਹੈ। ਇਸ ਮੌਕੇ ਸਰਬੱਤ ਦਾ ਭਲਾ ਟਰਸਟ ਦੇ ਲੁਧਿਆਣਾ ਵਿੱਚ ਰੂਹੇ ਰਵਾਂ ਸ, ਜਸਵੰਤ ਸਿੰਘ ਛਾਪਾ ਤੇ ਕੁਝ ਹੋਕ ਸ਼ਖਸੀਅਤਾਂ ਹਾਜ਼ਰ ਸਨ।

## 'ਵਨ ਥਊਜ਼ੈਂਡ ਵਰਡਜ਼' ਨੇ ਤਸਵੀਰਾਂ ਰਾਹੀਂ ਸੁਣਾਈਆਂ ਹਜ਼ਾਰਾਂ ਕਹਾਣੀਆਂ

### ਦੋ ਦਿਨਾਂ ਦੀ 10ਵੀਂ ਸਲਾਨਾ ਫੋਟੋ ਐਗਜ਼ੀਬਿਸ਼ਨ ਅਮਿੱਟ ਯਾਦਾਂ ਛੱਡਦੀ ਹੋਈ ਸਮਾਪਤ

### 42 ਤਸਵੀਰਾਂ ਨੇ ਮਨੁੱਖੀ ਜ਼ਿੰਦਗੀ, ਕੁਦਰਤ ਤੇ ਭਾਵਨਾਵਾਂ ਦੇ ਵੱਖ-ਵੱਖ ਰੰਗ ਕੀਤੇ ਪੇਸ਼

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 21 ਅਗਸਤ : ਲੁਧਿਆਣਾ ਫੋਟੋ ਜਰਨਲਿਸਟ ਐਸੋਸੀਏਸ਼ਨ ਵਲੋਂ ਇੱਥੋਂ ਦੇ ਰੱਖ ਬਾਗ ਨੇੜੇ ਲਕਸ਼ਮੀ ਲੇਡੀਜ਼ ਕਲੱਬ ਵਿਖੇ ਲੱਗੀ ਦੋ ਦਿਨਾਂ ਦੀ 10ਵੀਂ ਸਲਾਨਾ 'ਵਨ ਥਊਜ਼ੈਂਡ ਵਰਡਜ਼' ਫੋਟੋ ਐਗਜ਼ੀਬਿਸ਼ਨ ਅਮਿੱਟ ਯਾਦਾਂ ਛੱਡਦੀ ਹੋਈ ਵੀਰਵਾਰ ਨੂੰ ਸਮਾਪਤ ਹੋ ਗਈ। ਇਹ ਪ੍ਰਦਰਸ਼ਨੀ ਸਿਰਫ਼ ਤਸਵੀਰਾਂ ਨੂੰ ਦੇਖਣ ਦਾ ਮੌਕਾ ਨਹੀਂ ਸੀ, ਸਗੋਂ ਮਨੁੱਖੀ ਜ਼ਿੰਦਗੀ, ਕੁਦਰਤ, ਭਾਵਨਾਵਾਂ ਅਤੇ ਸਮਾਜ ਦੇ ਵੱਖ-ਵੱਖ ਰੰਗਾਂ ਨੂੰ ਨੇੜਿਓਂ ਸਮਝਣ ਦਾ ਇੱਕ ਸੰਵੇਦਨਸ਼ੀਲ ਸਾਂਝਾ ਮੰਚ ਬਣੀ। ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ 42 ਤਸਵੀਰਾਂ ਨੇ ਬਿਨਾਂ ਕੁਝ ਬੋਲੇ ਦਰਸ਼ਕਾਂ ਨਾਲ ਸੰਵਾਦ ਰਚਿਆ ਅਤੇ ਅਨੇਕਾਂ ਕਹਾਣੀਆਂ ਆਪਣੇ ਅੰਦਰ ਸਮੋਈਆਂ ਨਜ਼ਰ ਆਈਆਂ। ਪ੍ਰਦਰਸ਼ਨੀ ਵਿੱਚ ਦਾਖਲ ਹੁੰਦੇ ਹੀ ਦਰਸ਼ਕਾਂ ਨੂੰ ਇਹ ਅਹਿਸਾਸ ਹੋ ਰਿਹਾ ਸੀ ਕਿ ਉਹ ਕਿਸੇ ਆਮ ਫੋਟੋ ਪ੍ਰਦਰਸ਼ਨੀ ਵਿੱਚ ਨਹੀਂ, ਬਲਕਿ ਅਜਿਹੇ ਕਲਾਤਮਕ ਸੰਸਾਰ ਵਿੱਚ ਦਾਖਲ ਹੋ ਰਹੇ ਹਨ ਜਿੱਥੇ ਹਰ ਤਸਵੀਰ ਦੀ ਆਪਣੀ ਇੱਕ ਕਹਾਣੀ ਅਤੇ ਆਪਣਾ ਇੱਕ ਅਹਿਸਾਸ ਹੈ। ਕਿਸੇ ਤਸਵੀਰ ਵਿੱਚ ਜ਼ਿੰਦਗੀ ਦੀ ਖੁਸ਼ੀ ਅਤੇ ਉਤਸ਼ਾਹ ਦਿਖਾਈ ਦਿੱਤਾ ਤਾਂ ਕਿਸੇ ਵਿੱਚ ਚੁੱਪ ਦੇ ਦਰਦ ਅਤੇ ਸੰਵੇਦਨਾ ਦੀ ਝਲਕ ਮਿਲੀ। ਕਿਤੇ ਕੁਦਰਤ ਦੀ ਖੂਬਸੂਰਤੀ ਨੇ ਦਰਸ਼ਕਾਂ ਦਾ ਮਨ ਮੋਹਿਆ, ਜਦਕਿ ਕਈ ਤਸਵੀਰਾਂ ਨੇ ਸਮਾਜ ਦੀ ਅਸਲੀਅਤ ਸਾਹਮਣੇ ਰੱਖ ਕੇ ਕੁਝ ਪਲ ਰੁਕ ਕੇ ਸੋਚਣ ਲਈ ਮਜਬੂਰ ਕੀਤਾ ਇਸ ਪ੍ਰਦਰਸ਼ਨੀ ਨੂੰ ਦੇਖਣ ਲਈ ਵਿਦਿਆਰਥੀਆਂ ਤੋਂ ਲੈ ਕੇ ਨੌਜਵਾਨਾਂ, ਬੱਚਿਆਂ, ਸਮਾਜਕ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ, ਸਮਾਜ ਸੇਵਕਾਂ ਅਤੇ ਵੱਖ-ਵੱਖ ਰਾਜਨੀਤਕ ਆਗੂਆਂ ਨੇ ਸ਼ਿਰਕਤ ਕੀਤੀ। ਦਰਸ਼ਕਾਂ ਨੇ 42 ਤਸਵੀਰਾਂ ਨੂੰ ਬੜੀ ਗਹਿਰਾਈ ਅਤੇ ਉਤਸੁਕਤਾ ਨਾਲ ਦੇਖਿਆ। ਹਰ ਤਸਵੀਰ ਦੇ ਸਾਹਮਣੇ ਖੜ੍ਹੇ ਹੋ ਕੇ ਲੋਕ ਉਸ ਦੇ





ਵਿਸ਼ੇ, ਭਾਵਨਾ ਅਤੇ ਪਿੱਛੇ ਛੁਪੀ ਕਹਾਣੀ ਨੂੰ ਆਪਣੇ-ਆਪਣੇ ਨਜ਼ਰੀਏ ਨਾਲ ਮਹਿਸੂਸ ਕਰਦੇ ਨਜ਼ਰ ਆਏ ਸਮਾਪਣ ਸਮਰੋਹ ਦੌਰਾਨ ਕੋਠੀ ਮੇਲਾ ਤੋਂ ਸਚਿਤ ਅਰੋੜਾ. ਸੰਨੀ ਗੋਇਲ. ਲੀ ਫੋਰਡ ਤੋਂ ਪ੍ਰਬੰਧਕੀ ਬੋਰਡ ਦੇ ਮੈਂਬਰ. ਤੋਂ ਇਲਾਵਾ ਪ੍ਰਮਦ Able. ਅੰਸਲ ਇਸਟੇਟ ਤੋਂ ਐਸ ਐਸ ਖੁਰਾਣਾ. ਅਰਸਦੀਪ ਸਮਰ.ਸੁਰਿੰਦਰ ਡਲਾ. ਐਸੋਸੀਏਸ਼ਨ ਦੇ ਚੇਅਰਮੈਨ ਗੁਰਮੀਤ ਸਿੰਘ ਅਤੇ ਪ੍ਰਧਾਨ ਕੁਲਦੀਪ ਸਿੰਘ ਕਾਲਾ ਨੇ ਕਿਹਾ ਕਿ ਦੋ ਦਿਨਾਂ ਦੀ ਇਹ ਪ੍ਰਦਰਸ਼ਨੀ ਦਰਸ਼ਕਾਂ ਲਈ ਸਿਰਫ਼ ਕਲਾ ਦਾ ਅਨੁਭਵ ਨਹੀਂ ਰਹੀ, ਸਗੋਂ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਇੱਕ ਨਵੀਂ ਨਜ਼ਰ ਨਾਲ ਦੇਖਣ ਦਾ ਮੌਕਾ ਵੀ ਬਣੀ। ਉਨ੍ਹਾਂ ਕਿਹਾ ਕਿ 'ਵਨ ਥਊਜ਼ੈਂਡ ਵਰਡਜ਼' ਦਾ ਮਕਸਦ ਤਸਵੀਰਾਂ ਰਾਹੀਂ ਲੋਕਾਂ ਨੂੰ ਜੋੜਨਾ ਅਤੇ ਉਨ੍ਹਾਂ ਨੂੰ ਕੁਦਰਤ, ਮਨੁੱਖੀ ਭਾਵਨਾਵਾਂ ਅਤੇ ਸਮਾਜ ਦੇ ਵੱਖ-ਵੱਖ ਪੱਖਾਂ ਨਾਲ ਰੂਬਰੂ ਕਰਵਾਉਣਾ ਹੈ। ਜਰਨਲ ਸਕੱਤਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪ੍ਰਦਰਸ਼ਨੀ ਦੌਰਾਨ ਮਿਲਿਆ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਇਹ ਦਰਸਾਉਂਦਾ ਹੈ ਕਿ ਫੋਟੋਗ੍ਰਾਫੀ ਸਿਰਫ਼ ਇੱਕ ਕਲਾ ਨਹੀਂ, ਬਲਕਿ ਸਮਾਜ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਸਮਝਣ ਦਾ ਪ੍ਰਭਾਵਸ਼ਾਲੀ ਮਾਧਿਅਮ ਵੀ ਹੈ। ਕਈ ਵਾਰ ਇੱਕ ਤਸਵੀਰ ਉਹ ਗੱਲ ਕਹਿ ਜਾਂਦੀ ਹੈ, ਜਿਸ ਨੂੰ ਬਿਆਨ ਕਰਨ ਲਈ ਹਜ਼ਾਰਾਂ ਸ਼ਬਦ ਵੀ ਘੱਟ ਪੈ ਜਾਂਦੇ ਹਨ। ਇਸੇ ਅਹਿਸਾਸ ਨਾਲ 10ਵੀਂ ਸਲਾਨਾ 'ਵਨ ਥਊਜ਼ੈਂਡ ਵਰਡਜ਼' ਫੋਟੋ ਐਗਜ਼ੀਬਿਸ਼ਨ ਲੁਧਿਆਣਾ ਵਾਸੀਆਂ ਦੇ ਦਿਲਾਂ 'ਤੇ ਆਪਣੀ ਖੂਬਸੂਰਤ ਛਾਪ ਛੱਡਣ ਵਿੱਚ ਸਫਲ ਰਹੀ ਇਸ ਤੋਂ ਇਲਾਵਾ ਵੱਖ ਵੱਖ ਅਖਬਾਰਾਂ ਦੇ ਪੱਤਰਕਾਰ. ਕਬਨਿਟ ਮੰਨਿਸਟਰ ਭਾਰਤ ਭੂਸ਼ਨ ਆਸ਼ੂ.ਐਮ ਐਲ ਏ ਅਸ਼ੋਕ ਪਰਸ਼ਰ ਪੱਪੀ.ਐਮ ਐਲ ਏ ਦਲਜੀਤ ਸਿੰਘ ਗਰੇਵਾਲ ਭੋਲਾ.ਅਮਨ ਬੱਗਾ.ਦਲਿਤ ਵਿਕਾਸ ਬੋਰਡ ਦੇ ਵਿਜੈ ਦਾਨਵਾ.ਦਰਸ਼ਨ ਲਾਲ ਬਾਵੇਜਾ. ਕਾਂਗਰਸ ਪ੍ਰਧਾਨ ਸੰਜੇ ਤਲਵਾੜ. ਸਾਬਕਾ ਐਮ ਐਲ ਏ ਸੁਰਿੰਦਰ ਡਾਵਰ. ਸਾਬਕਾ ਮੰਤਰੀ ਰਾਕੇਸ਼ ਪਾਂਡੇ. ਕੇ ਕੇ ਬਾਵਾ. ਵਾਈਸ ਚੇਅਰਮੈਨ ਪੰਜਾਬ ਚਾਇਲਡ ਰਾਇਟਸ ਰੁੱਚੀ ਬਾਵਾ.ਮਾਤਾ ਵਿਪਨਪ੍ਰੀਤ ਕੌਰ. ਗੁਰਦੀਪ ਸਿੰਘ ਗੋਸ਼ਾ. ਬੀ ਜੇ ਬੀ ਪ੍ਰਧਾਨ ਸੁਨੀਲ ਮੋਦਗਿਲ. ਅਤੇ ਬੀ ਜ਼ੇ ਪੀ ਕੌਂਸਲਰ. ਪ੍ਰਵੀਨ ਬਾਂਸਲ. ਅਵਤਾਰ ਸਿੰਘ ਭੋਗਲ. ਅਤੁਲ ਸਾਹਿਗਲ. ਬਿੱਟੂ ਗੁੰਬਰ. ਜਿਲ੍ਹਾ ਭੁਪਿੰਦਰ ਸਿੰਘ ਭਿੰਦਾ. ਸਾਬਕਾ ਐਮ ਐਲ ਏ ਰਣਜੀਤ ਸਿੰਘ ਢਿੱਲੋ. ਐਡਵੋਕੇਟ ਗਗਨਪ੍ਰੀਤ ਸਿੰਘ.ਐਡਵੋਕੇਟ ਪਰਉਪਕਾਰ ਘੁੰਮਣ. ਰਜੀਵ ਟੰਡਨ.ਫਿੱਕੀ ਫਲੋ ਦੀ ਸਮੁੱਚੀ ਟੀਮ. ਵੱਖ ਵੱਖ ਸਕੂਲਾਂ ਅਤੇ ਕਾਲਜਾਂ

## ਸਪੀਕਰ ਸੰਧਵਾਂ ਨੇ ਕੋਟਸੁਖੀਆ ਕਬੱਡੀ ਟੂਰਨਾਮੈਂਟ ਵਿੱਚ ਕੀਤੀ ਸ਼ਿਰਕਤ

### ਕਬੱਡੀ,ਫੁੱਟਬਾਲ ਵਿੱਚ ਕੋਟਸੁਖੀਆ ਦੀ ਝੰਡੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ 21 ਅਗਸਤ : ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕੋਟਸੁਖੀਆ ਕਬੱਡੀ ਖੇਡ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਵੱਲੋਂ ਸੁਸਾਇਟੀ ਲਈ 2 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ ਗਿਆ।

ਇਸ ਮੌਕੇ ਸ. ਸਪੀਕਰ ਸੰਧਵਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਟੂਰਨਾਮੈਂਟ ਦੌਰਾਨ ਕੋਟਸੁਖੀਆ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫੁੱਟਬਾਲ, 75 ਕਿਲੋ ਕਬੱਡੀ ਅਤੇ ਓਪਨ ਕਬੱਡੀ-ਤਿੰਨਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਤਿੰਨੇ ਕੱਪ ਆਪਣੇ ਨਾਮ ਕੀਤੇ।

ਫੁੱਟਬਾਲ ਮੁਕਾਬਲੇ ਵਿੱਚ ਪਹਿਲਾ ਸਥਾਨ ਕੋਟਸੁਖੀਆ ਦੀ ਟੀਮ ਨੇ ਹਾਸਲ ਕੀਤਾ, ਜਦਕਿ ਦੂਜਾ ਸਥਾਨ ਘੋਲੀਆ ਦੀ ਟੀਮ ਨੇ ਪ੍ਰਾਪਤ ਕੀਤਾ। 75 ਕਿਲੋ ਕਬੱਡੀ ਵਿੱਚ ਕੋਟਸੁਖੀਆ ਦੀ ਟੀਮ ਨੇ ਪਹਿਲਾ ਸਥਾਨ ਅਤੇ ਥਰਾਜ, ਹਰਿਆਣਾ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਓਪਨ ਕਬੱਡੀ ਦੇ ਮੁਕਾਬਲੇ ਵਿੱਚ ਵੀ ਕੋਟਸੁਖੀਆ ਦੀ ਟੀਮ ਨੇ ਬਾਜ਼ੀ ਮਾਰਦਿਆਂ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਘੋਲੀਆ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਸ ਮੌਕੇ ਬਲਰਾਜ ਸਿੰਘ ਸਰਪੰਚ, ਗੁਰਦਾਵਰ ਸਿੰਘ, ਲਖਵਿੰਦਰ, ਗੁਰਵਿੰਦਰ, ਰਣਜੀਤ, ਹਰਦੀਪ, ਭਿੰਦਰ, ਯਾਦਵਿੰਦਰ, ਕੁਲਦੀਪ, ਹਰਭਜਨ, ਗੁਰਮੀਤ, ਬਿੱਟੂ ਚੀਨਾ ਨੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।